ਗੁਰੂ, ਗੁਰਬਾਣੀ ਅਤੇ ਨਾਮਧਾਰੀ ਸਿੱਖ ਪੰਥ

ਸ. ਜਗਦੀਸ਼ ਸਿੰਘ ਵਰਿਆਮ.

ਗੁਰੂ, ਗੁਰਬਾਣੀ ਅਤੇ ਨਾਮਧਾਰੀ ਸਿੱਖ ਪੰਥ

ਜਗਦੀਸ਼ ਸਿੰਘ ਵਰਿਆਮ





Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਗੁਰੂ, ਗੁਰਬਾਣੀ ਅਤੇ ਨਾਮਧਾਰੀ ਸਿੱਖ ਪੰਥ

ਸ. ਜਗਦੀਸ਼ ਸਿੰਘ ਵਰਿਆਮ,

ਕੋਈ ਵੀ ਵਿਅਕਤੀ ਜਦ ਆਪਣੇ ਵਿਚਾਰਾਂ, ਭਾਵਨਾਵਾਂ ਨੂੰ ਵਿਅਕਤ ਕਰਦਾ ਹੈ ਤਾਂ ਉਹ ਸ਼ਬਦਾਂ ਦਾ ਸਹਾਰਾ ਲੈਂਦਾ ਹੈ। ਵਿਚਾਰ ਜਦ ਸ਼ਬਦਾਂ ਦਾ ਜਾਮਾ ਪਹਿਣ ਲੈਂਦੇ ਹਨ ਤਾਂ ਇਹ ਵਾਕ, ਵਾਣੀ ਜਾਂ ਬਾਣੀ ਕਹਾਉਂਦੇ ਹਨ। ਬੋਲੇ ਗਏ ਸਾਰੇ ਸ਼ਬਦ ਬਾਣੀ ਹੀ ਹਨ। ਅਤੇ ਗੁਰੂ ਪੁਰਖਿਆਂ ਨੇ ਅਜਿਹਾ ਵਰਗੀਕਰਨ ਕਰਦਿਆਂ ਆਮ ਲੋਕਾਂ ਦੀ ਬਾਣੀ ਨੂੰ ਕੱਚੀ ਬਾਣੀ ਆਖਿਆ ਹੈ ਅਤੇ ਸਤਿਗੁਰਾਂ ਦੀ ਉਚਾਰੀ ਬਾਣੀ ਨੂੰ ਗੁਰਬਾਣੀ, ਧੁਰ ਕੀ ਬਾਣੀ, ਸੱਚੀ ਬਾਣੀ ਅਤੇ ਅੰਮ੍ਰਿਤ ਬਾਣੀ ਆਦਿਕ ਸ਼ਬਦਾਂ ਨਾਲ ਸਤਿਕਾਰਿਆ ਹੈ।

ਇਹ ਗੁਰਬਾਣੀ, ਸਤਿਗੁਰੂ ਜਾਂ, ਗੁਰਦੁਆਰਾ ਜਾਂ ਸਾਧ ਸੰਗਤ ਕੇਂਦਰ ਸਿੱਖ ਪੰਥ ਲਈ ਅਜੋਕੇ ਸਮਿਆਂ ਦੀ ਗੱਲ ਨਹੀਂ ਸਗੋਂ ਆਦਿ ਕਾਲ ਤੋਂ ਹੀ ਜਦੋਂ ਤੋਂ ਮਨੁੱਖੀ ਗਿਆਨ ਦਾ ਆਰੰਭ ਹੋਇਆ ਇਹ ਪਰਚਲਤ ਹਨ। ਭਾਈ ਗੁਰਦਾਸ ਜੀ ਦੀ ਬਾਣੀ ਇਸ ਗੱਲ ਦੀ ਪੁਸ਼ਟਤਾ ਕਰਦੀ ਹੈ

- ਸੁਖ ਰਾਜੇ ਹਰੀ ਚੰਦ ਘਰਿ
  ਨਾਰਿ ਸੁ ਤਾਰਾ ਲੋਚਨ ਰਾਣੀ
  ਸਾਧ ਸੰਗਤ ਮਿਲਿ ਗਾਵਦੇ
  ਰਾਤੀ ਜਾਇ ਸੁਣਹਿ ਗੁਰਬਾਣੀ

- ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ॥
  ਪੂਰਾ ਸਤਿਗੁਰ ਭੇਟਿਆ ਮਨ ਵਿਚ ਹੋਆ ਖਿੰਜੋਤਾੜਾ॥

- ਪਤਿਤ ਅਜਾਮਲ ਪਾਪ ਕਰ ਜਾਇ ਕਲਾਵਤਣੀ ਦੇ ਰਹਿਆ॥
  ਗੁਰ ਤੇ ਬੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ॥
  ਬਿਰਥਾ ਜਨਮ ਗਵਾਇਓਨ ਭਵਜਲ ਅੰਦਰ ਫਿਰਦਾ ਵਹਿਆ॥

ਕੇਪਤ ਜਾਏ ਏਕੁਲਾ ਧਾਖਾਂ ਦੇ ਵਰ ਇੱਕੇ ਰਹਿਆ ॥
ਪੁੱਤ੍ਰ ਉਪੰਨਾ ਸਤਵਾਂ ਨਾਉਂ ਧਰਨ ਨੇਂ ਇੱਕ ਉਪਜਿਆ ॥
ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉਂ ਨਗਾਇਣ ਕਹਿਆ ॥

ਸ੍ਰਿਸ਼ਟੀ ਸਮਾਪੀ ਦੇ ਵੇਲੇ ਤਕ ਬਾਰ ਬਾਰ ਜਦ ਈਸ਼ਵਰ ਸਰਗੁਣ ਸਰੂਪ ਵਿਚ ਪਰਗਟ ਹੋਇਆ ਤਾਂ ਉਹ ਸਤਿਗੁਰੂ ਦੇ ਰੂਪ ਵਿਚ ਹੀ ਦ੍ਰਿਸ਼ਟਮਾਨ ਹੋਇਆ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ।

ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ
— ਆਸਾ ਦੀ ਵਾਰ

ਭਟ ਕਵੀ ਕਲ ਨੇ ਜੁਗ ਚੌਥਾ ਦੇ ਇਹ ਗਲ ਲਿਖ ਦਿਤੀ ਹੈ।

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥

ਕਲਿਜੁਗ ਵਿਚ ਆਈ ਹੁਣ ਵਾਲੀ ਗੁਰੂ ਪਰੰਪਰਾ ਸਤਿਗੁਰੂ ਨਾਨਕ ਦੇਵ ਜੀ ਤੋਂ ਚਲਦੀ ਹੈ ਇਹ ਗੁਰੂ ਰਾਜ ਅਬਿਚਲ ਅਤੇ ਅਟਲ ਹੈ। ਸਥਿਰ ਹੈ। ਸਦਾ ਹੀ ਚਲਦਾ ਰਹਿਣਾ ਹੈ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਵਾਕ ਇਸ ਤੱਥ ਨੂੰ ਹੋਰ ਵੀ ਮਜ਼ਬੂਤੀ ਨਾਲ ~~ਸਾਬਤ~~ ਪਰਮਾਣਿਤ ਕਰਦਾ ਹੈ

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ
ਸਦ ਪੀੜੀ ਗੁਰੂ ਚਲੰਦੀ ॥ — ਪੰਨਾ ੭੯

ਸ੍ਰਿਸ਼ਟੀ ਦੇ ਆਦਿ ਕਾਲ ਤੋਂ ਹੀ ਗੁਰੂਆਂ ਦੇ ਆਗਮਨ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਬਚਿਤ੍ਰ ਨਾਟਕ ਵਿਚ ਵੀ ਕੀਤਾ ਹੈ

ਚੌਪਈ

ਪ੍ਰਿਥਮ ਕਾਲ ਜਬ ਕਰਾ ਪਸਾਰਾ । ਓਅੰਕਾਰ ਤੇ ਸ੍ਰਿਸਟਿ ਉਪਾਰਾ ।
ਕਾਲਸੈਣ ਪ੍ਰਥਮੈ ਭਇਓ ਭੂਪਾ । ਅਧਿਕ ਅਤੁਲ ਬਲਿ ਰੂਪ ਅਨੂਪਾ ।
ਕਾਲਕੇਤੁ ਦੂਸਰ ਭੂਅ ਭਇਓ । ਕ੍ਰੂਰਬਰਸ ਤੀਸਰ ਜਗਿ ਠਯੋ ।
ਕਾਲਧੁਜ ਚਤੁਰਥ ਨ੍ਰਿਪ ਸੋਹੈ । ਜਿਹ ਤੇ ਭਯੋ ਜਗਤ ਸਭ ਕੋ ਹੈ ।

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜਦੋਂ ਪਰਮੇਸ਼ਰ ਨੇ ਆਪਣਾ ਪਸਾਰ ਕੀਤਾ ਤਾਂ ਓਅੰਕਾਰ ਈਸ਼ਵਰੀ ਸ਼ਕਤੀ ਤੋਂ ਵਿਸ਼ਵਮਾਨ ਸਿਸਟਮ ~~ਕ~~ ਪੈਦਾ ਕੀਤਾ। ਸਭ ਤੋਂ ਪਹਿਲਾਂ ਕਾਲਸੈਣ ਇਸ ਨੂੰ ਪੈਦਾ ਹੋਏ ਦੂਸਰੇ ਕਾਲਕੇਤੁ, ਬਹੁਤਾ ਅਤੇ ਕ੍ਰੂਰਬਰਸ ਜਿਹਨੀ ਤੀਸਰੇ ਸਥਾਪਤ ਹੋਏ। ਚੌਥੇ ਨੰਬਰ ਕਾਲਧੁਜ ਦੈਵੀ ਸਰੂਪ ਕਾਲਪੁਰਖ ਸਨ ਇਨ੍ਹਾਂ ਨੂੰ ਜਾਂ ਹਿਰਣਯ ਗਰਭ ਹੋਏ ਜਿਨ੍ਹਾਂ ਤੋਂ ਸਾਰਾ ਵਿਸ਼ਾਲ ਜਗਤ ਉਤਪੰਨ ਹੋਇਆ।

ਇਸ ਤਰਾਂ ਆਪ ਆਦਿ ਕਾਲ ਤੋਂ ਈਸ਼ਵਰੀ ਸ਼ਕਤੀ ਦੇ ਦੇਵਤਈ ਪ੍ਰਤਿਨਿਧਾਂ ਦਾ ਆਰੰਭ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਵਜਾਂ ਦਾ ਵੰਸ਼ਾ ਇਤਿਹਾਸ ਲਿਖ ਕੇ ਸੂਰਜ ਬੰਸ ਦੀ ਉਤਪਤੀ ~~ਅਤੇ ਲੋਕਾਂ ਤਕ~~, ਰਾਮ ਅਵਤਾਰ, ਲਵ ਕੁਸ਼ ਅਤੇ ਅਗੋਂ ਉਨ੍ਹਾਂ ਦੇ ਵੰਸ਼ਜਾਂ ਦੀ ਸ਼ਾਖਾ ਦੇ ਦੇ ~~ਖੇਤਰ~~ ਉੱਪ ਸਿਰਨਾਵੇਂ ਵਿਚ ਬੇਦੀ ਅਤੇ ਸੋਢੀ ਕੁਲ ਵਿਚ ਗੁਰੂ ਨਾਨਕ ਦੇਵ ਜੀ ਅਤੇ ਆਪਣੇ ਪਰਿਵਾਰ ਹੋਣ ਦਾ ਪਰਸੰਗ ਵਰਨਨ ਕੀਤਾ ਹੈ। ਉਨ੍ਹਾਂ ਤਾਂ ਆਪਣੇ ਮਾਤਾ ਪਿਤਾ ਅਤੇ ਆਪਣੇ ਪੂਰਬਲੇ ਜਨਮਾਂ ਨੂੰ ਵੀ ਪਰਗਟ ਕੀਤਾ ਹੈ। ⊙ →

ਭਾਈ ਗੁਰਦਾਸ ਗੁਰਮਤਿ ਅਧਿਕਾਰੀ ਅਤੇ ਮਹਾਨ ਵਿਆਖਿਆਕਾਰ ਹੋਏ ਹਨ। ਉਨ੍ਹਾਂ ਸਤਿਗੁਰੂ ਦੇ ਸ਼ਬਦਾਂ ਉਤੇ ਵਿਸਥਾਰ ਸਹਿਤ ਲਿਖਿਆ ਹੈ। ਵਾਰਾਂ ਕਬਿਤਾਂ ਵਿਚ ਹੀ ਸਤਿਗੁਰੂ ਅਤੇ ਉਨ੍ਹਾਂ ਦੇ ਨਾਮ ਦੀ ਮਹਿਮਾ ਲਿਖਦਿਆਂ ਉਹ ਬਾਣੀ ਉਚਾਰਦੇ ਹਨ

>

੭ → ਦਸਮ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਚਲੀ ਗੁਰ ਪ੍ਰਣਾਲੀ ਦੇ ਸਿਧਾਂਤ ਨੂੰ ਦੀਪਕ ਤੋਂ ਦੀਪਕ ਜਗਾਉਣ ਦੀ ਪ੍ਰਕਿਰਿਆ ਕਹਿ ਕੇ ਇਸ ਨੂੰ ਅਵਿਨਾਸ਼ ਤਕ ਜਗਦੇ ਰਹਿਣ ਦਾ ਸੰਕੇਤ ਦਿਤਾ। ਤੇ ਕਿਉਂਕਿ ਦੀਪਕ ਤੋਂ ਦੀਪਕ ਜਗਾਉਣ ਦੀ ਕਾਰ ਸੀਮਾ ਰਹਿਤ ਹੁੰਦੀ। ਆਪ ਜੀ ਬਚਿਤ੍ਰ ਨਾਟਕ ਵਿਚ ਲਿਖਦੇ ਹਨ

ਨਾਨਕ ਅੰਗਦਿ ਕੋ ਬਪੁ ਧਰਾ
ਧਰਮ ਪ੍ਰਚੁਰਿ ਇਹ ਜਗ ਮੋ ਕਰਾ।
ਅਮਰ ਦਾਸ ਪੁਨਿ ਨਾਮੁ ਕਹਾਯੋ
ਜਨੁ ਦੀਪਕ ਤੇ ਦੀਪ ਜਗਾਯੋ।

ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ ।
ਦੁਆਪੁਰਿ ਸਤਿਗੁਰ ਹਰੀ ਕ੍ਰਿਸਨ ਹਾਹਾ ਹਰਿ ਹਰਿ ਨਾਮੁ ਜਪਾਵੈ ।
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ ।
ਕਲਿਜੁਗਿ ਨਾਨਕ ਗੁਰ ਗੋਬਿੰਦ ਗਗਾ ਗੋਵਿੰਦ ਨਾਮੁ ਅਲਾਵੈ
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ ।
ਚਾਰੋਂ ਅਛਰ ਇਕੁ ਕਰ ਵਾਹਿਗੁਰੂ ਜਪੁ ਮੰਤ੍ਰ ਜਪਾਵੈ ।
ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ ॥ ੪੯ ॥੧॥

ਸ੍ਰੀ ਆਦਿ ਗ੍ਰੰਥ ਸਾਹਿਬ ~~ਦੀ ਸਾਰੀ ਬਾਣੀ~~ ਵਿਚ ਦਰਜ ਸਮੂਚੀ ਬਾਣੀ ਸਤਿਗੁਰੂ ਦੀ ਮਹਿਮਾ ਨਾਲ ਭਰਪੂਰ ਹੈ । ਸਤਿਗੁਰੂ ਦੀ ਕ੍ਰਿਪਾ (ਅਰਥਾਤ 'ਗੁਰਪ੍ਰਸਾਦਿ') ਬਾਣੀ ਦਾ ਮੂਲ ਧੁਰਾ ਹੈ । ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਖੁਲ੍ਹ ਵਿਸਥਾਰ ਵਿਚ ਗੁਰੂ ਦੇ ਪਾਰਸ ਸਰੂਪ, ਗੁਰੂ ਦੀ ਪ੍ਰੀਭਾਸ਼ਾ ~~[illegible]~~, ਗੁਰੂ ਦੇ ਕਰਤੱਵ ਅਤੇ ਮਨੁਖ ਨੂੰ ਗੁਰੂ ਦੀ ਲੋੜ ਤੇ ਭਰਪੂਰ ਚਾਨਣਾ ਪਾਇਆ ਹੈ ।

ਈਸ਼ਵਰ ਦੀ ਏਕਤਾ ਕਰਾਉਣ ਵਾਲਾ, ਉਸ ਨੂੰ ਮਿਲਾਉਣ ਵਾਲਾ, ਉਸ ਦਾ ਪ੍ਰਤਿਨਿਧ, ਉਸ ਦਾ ਸਰੂਪ ਸਤਿਗੁਰੂ ਹੀ ਹੈ । ਹਰੀ ਨੂੰ ਮਿਲਣ ਵਾਲਾ ਮਾਰਗ ਗੁਰੂ ਹੀ ਹੈ । ਗੁਰੂ ਅਗਿਆਨ ਦਾ ਹਨੇਰਾ ਦੂਰ ਕਰਨ ਵਾਲਾ ਦੀਪਕ ਹੈ, ਉਹ ਦਾਤਾਰ ਹੈ, ਤਪਦੇ ਹਿਰਦਿਆਂ ਵਿਚ ਠੰਢ ਵਰਤਾਉਣ ਵਾਲਾ ਹੈ । ਉਸ ਆਪ ਦੇ ਪੰਜੇ ਵਿਕਾਰ ਵਸ ਵਿਚ ਕੀਤੇ ਹੋਏ ਹਨ ਅਤੇ ਆਪਣੇ ਸਿਖਾਂ ਦੇ ਵੀ ਪੰਜੇ ਅਜਾਰ ਰੋਗ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨਵਿਰਤ ਕਰਦਾ ਹੈ । ਉਹ ਖੁਦ ਵੈਦ ਹੈ, ਉਹ ਸੁਖਾਂ ਦਾ ਸਾਗਰ ਹੈ, ਨਿਰਵੈਰ ਹੈ । ਉਹ ਆਪਣੇ ਹੀ ਨਿੰਦਕਾਂ, ਵੈਰੀਆਂ ਅਤੇ ਦੋਖੀਆਂ ਨੂੰ ਵੀ ਤਾਰਦਾ ਹੈ । ਉਹ ਸ਼ਰਨਾਗਤਾਂ ਨੂੰ ਵੀ ਆਪ ਬਾਂਹ ਫੜ ਕੇ ਪਾਰ ਲਘਾਉਂਦਾ ਹੈ । ਉਹ ਆਪ ਮੁਕਤ ਹੈ ਅਤੇ ਸੰਸਾਰ ਨੂੰ ਮੁਕਤੀ ਦਵਾਉਂਦਾ ਹੈ । ਗੁਰੂ ਪਾਰਸ, ~~[illegible]~~ ਬਾਵਨ ਚੰਦਨ

ਪਰਿਵਾਰ, ਆਸ ਭਰੋਸਾ ਹੈ। ਗੁਰੂ ਐਸਾ ਤੀਰਥ ਹੈ ਜਿਸ ਦੀ ਸ਼ਰਨ ਵਿਚ ਅਠਾਹਠ ਤੀਰਥ ਹਨ। ਇਹ ਪਾਪਾਂ ਦਾ ਨਾਸ਼ ਅਤੇ ਧੀਰਜ ਦੇਂਦਾ ਹੈ.... ਦੀ ਅਸਲੀਅਤ ਵਿਖੇਂਦੇ ਹਨ ਜੋ ਐਸੇ ਸਤਿਗੁਰੂ ਨਾਲ ਜੁੜਦੇ ਹਨ। ਇਹਨਾਂ ਨੂੰ ਸਿਖਿਆਂ ਤਾਂਈਂ ਸਾਰੀ ਧਰਤੀ ਹੀ ਤਰੀ ਜਾਂਦੇ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਪਰਉਪਕਾਰੀ ਗੁਰੂ ਨੇ ਮੈਨੂੰ ਨਾਮ ਦਿੱਤਾ ਹੈ। ਗੁਰੂ ਦਾ ਮਾਤਾ ਅਤੇ ਪਿਤਾ ਧੰਨ ਹਨ। ਜਿਸ ਸਤਿਗੁਰ ਆਪਣੇ ਨੂੰ ਮਿਲ ਕੇ ਮੈਨੂੰ ਨਾਮ ਦਾ ਪਤਾ ਲੱਗਾ ਹੈ ਉਸ ਸਤਿਗੁਰੂ ਨੂੰ ਮੈਂ ਸਦਾ ਨਮਸਕਾਰ ਕਰਦਾ ਹਾਂ

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਤਿਹੁ ਸਤਿਗੁਰ ਆਪਣੇ ਕਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥ - ਪੰਨਾ ੫੬੨

ਇਹ ਸਤਿਗੁਰੂ ਦੀ ਸਿਫ਼ਤ ਹੈ ਕਿ ਉਹ ~~ਆਪਣੇ ਸਿੱਖਾਂ ਨੂੰ~~ ਆਪ ਵੀ ਨਾਮ ਜਪਦਾ ਹੈ ਅਤੇ ਸਿੱਖਾਂ ਨੂੰ ਵੀ ਨਾਮ ਦਿੰਦਾ ਹੈ

ਉਹ ਮਾਤਾ ਪਿਤਾ ਵੀ ਧੰਨ ਯੋਗ ਦਾਤਾ ਦੀ ਹੋਂਦ ਹੈ

ਇਕ ਹੋਰ ਵਿਲੱਖਣ ਸਿਫ਼ਤ ਉਸ ਵਿਚ ਹੈ ਕਿ ਉਹ ਅੰਮ੍ਰਿਤ ਦਾ ਭੰਡਾਰੀ ਹੈ।

ਜਿਵੇਂ ਕਿ ਇਤਿਹਾਸ ਦਾ ਗਿਆਨ ਹੈ ਜਾਂ ਗਿਆਨ ਦਾ ਇਤਿਹਾਸ ਹੈ, ਦੇਵਤੇ, ਮਨੁੱਖ, ਰਿਖੀਸ਼ਰ, ਮੁਨੀਜਨ ਅੰਮ੍ਰਿਤ ਨੂੰ ਖੋਜਦੇ ਆ ਰਹੇ ਹਨ।

- ਇਹ ਅੰਮ੍ਰਿਤ ਸਤਿਗੁਰੂ ਦੇ ਕੋਲ ਹੈ। ਵਾਹਿਗੁਰੂ ਦਾ ਨਾਮ ਸਤਿਗੁਰੂ ਵਿਚ ਸਥਾਪਤ ਹੈ। ਸਤਿਗੁਰੂ ਨਾਮ ਨਾਲ ਭਰਿਆ ਭਰਪੂਰ ਹੈ। ਇਹ ਨਾਮ ਹੀ ਅੰਮ੍ਰਿਤ ਹੈ। ਸਤਿਗੁਰੂ ਨਾਮ ਅੰਮ੍ਰਿਤ ਦੀ ਦਾਤ ਦਿੰਦਾ ਹੈ। ਸਤਿਗੁਰੂ ਦੇ ਬਚਨ ਅਥਵਾ ਬਾਣੀ ਵਿਚ ਅੰਮ੍ਰਿਤ ਹੈ। ਸਤਿਗੁਰੂ ਦੀ ਨਜ਼ਰ ਵਿਚ ਅੰਮ੍ਰਿਤ ਹੈ।

ਸਤਿਗੁਰੂ ਦੀ ਕਥਾ, ਸਤਿਗੁਰੂ ਦੇ ਦਰਸ਼ਨ ਅਤੇ ਭਾਣੇ ਵਿਚ ਹੀ
ਅੰਮ੍ਰਿਤ ਹੈ। ਗੁਰੂ ਅਮਰਦਾਸ ਜੀ ਨੇ ਆਪਣੇ ਗੁਰੂ ਤਜਰਬੇ ਦੀ
ਵਿਚ ਤੇ ਇਹ ਗੱਲ ਲਿਖੀ ਹੈ।

ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ, ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ, ਅੰਮ੍ਰਿਤੁ ਨਾਮੁ ਧਿਆਵਣਿਆ ॥ ੧ ॥
ਰਹਾਉ ॥ ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ
ਸਦਾ ਨੈਣੀ ॥ ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ,
ਅਵਰਾ ਆਖਿ ਸੁਨਾਵਣਿਆ ॥੨॥ ਅੰਮ੍ਰਿਤ ਰੰਗਿ ਰਤਾ
ਲਿਵ ਲਾਏ ॥ ਅੰਮ੍ਰਿਤੁ ਗੁਰਪਰਸਾਦੀ ਪਾਏ ॥ ਅੰਮ੍ਰਿਤੁ ਰਸਨਾ
ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥
ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ॥
ਹੁਕਮੇ ਵਰਤੈ ਅੰਮ੍ਰਿਤ ਬਾਣੀ, ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥
ਅਜਬ ਕੰਮ ਕਰਤੇ ਹਰਿ ਕੇਰੇ ॥ ਇਹੁ ਮਨੁ ਭੂਲਾ ਜਾਂਦਾ ਫੇਰੇ ॥
ਅੰਮ੍ਰਿਤ ਬਾਣੀ ਸਿਉ ਚਿਤੁ ਲਾਏ, ਅੰਮ੍ਰਿਤ ਸਬਦਿ ਵਜਾਵਣਿਆ ॥੫॥
ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥
ਕਿਉ ਕਰਿ ਵੇਖਾ ਕਿਉ ਸਾਲਾਹੀ ॥ ਗੁਰ ਪਰਸਾਦੀ ਸਬਦਿ ਸਲਾਹੀ॥
ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ, ਤੂੰ ਭਾਣੇ ਅੰਮ੍ਰਿਤੁ ਪੀਆਵਣਿਆ ॥੭॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥
ਨਾਨਕ ਅੰਮ੍ਰਿਤੁ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ
ਜਾਵਣਿਆ ॥੮॥ ਮਾਝ ਮਹਲਾ ੩ ਪੰਨਾ ੧੧੮-੧੧੯ >

ਸਤਿਗੁਰੂ ਤਾਂ ਅੰਮ੍ਰਿਤ ਬਾਣੀ ਵਰਤਾਉਂਦੇ ਹਨ । ਗੁਰੂ ਦੁਆਰਾ ਹੀ ਇਹ ਉਪਜਦੀ ਹੈ ਗੁਰੂ ਦੁਆਰਾ ਹੀ ਇਹ ਜਾਣੀ ਜਾਂਦੀ ਹੈ

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ
ਸੂਹੀ ਮਹਲਾ ਮ: ੩

ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥
ਪ੍ਰਭਾਤੀ ਮ: ੩ - ੧੩੪੬

ਸਤਿਗੁਰੂ ਜੀ ਦੁਆਰਾ ਉਚਾਰੀ ਬਾਣੀ ਗੁਰੂ ਰੂਪ ਹੋਈ ਬਾਣੀ ਹੈ । ਸਭ ਬਾਣੀਆਂ ਦੇ ਸਰੇਸ਼ਟ ਹੈ । ਇਸ ਵਿਚ ਸਾਰੇ ਅਮ੍ਰਿਤ ਹਨ

ਗੁਰੂ ਕੀ ਬਾਣੀ ਰਾਹੀਂ ਗੁਰੂ ਜੀ ਦੇ ਅਮ੍ਰਿਤ ਰੂਪ ਵਿਚਾਰ ਜੀਵ ਦੇ ਮਨਾਂ ਤਕ ਪਹੁੰਚਦੇ ਹਨ ਅਤੇ ਇਹ ਹੀ ਬਾਣੀ ਸਾਨੂੰ ਗੁਰੂ ਤਕ ~~ਪਹੁੰਚਾਉਂਦੀ ਹੈ~~ ਪਹੁੰਚਾਣ ਦੇ ਸਮਰਥ ਹੈ । ਇਹ ਗੁਰਮੰਤ੍ਰ ਹੈ । ਇਹ ਅਧਿਆਤਮ ਹੈ । ਜੇ ਧਿਆਨ ਕਰ ਇਸ ਨੂੰ ਉਚਾਰੀਏ ਤਾਂ ਇਸ ਦਾ ਫਲ ਗੁਰਮੰਤ੍ਰ ਹੈ । ਜੇ ਹਰ ਦਮ ਇਸ ਵਿਚ ਰਹੀਏ ਤਾਂ ਜਮ ਨੇੜੇ ਨਹੀਂ ਫੜਕਦਾ ਅਤੇ ਹਰੀ ਕੰਠ ਦੁਆਰੇ ਹਾਰ ਵਾਂਗ ਸਾਡੇ ਕੋਲ ਰਹਿੰਦਾ ਹੈ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ

" ਪਿੰਡੁ ਰਮ ਗੁਰ ਗਿਆਨ ਹਰਿ ਦਾਸ ਨਾ ਜਮ
ਹਰਿ ਕੰਠ ਨਾਨਕ ਉਰਿ ਹਾਰੀ ਹੇ "

->

ਆਦਿ ਕਾਲ ਵਿਚ ਜਦੋਂ ਅਜੇ ਲਿਖਤ ਵਾਲੇ ਅੱਖਰਾਂ ਦਾ ਅਵਿਸ਼ਕਾਰ ਨਹੀਂ ਸੀ ਹੋਇਆ ਤਾਂ ਬਾਣੀ ਸੀਨੇ ਬਸੀਨੇ ਵਿਚ ਹੀ ਸਾਂਭੀ ਜਾਂਦੀ ਸੀ। ਇਸ ਨੂੰ ਹੋਰ ਸੁਖਾਲੀ ਬਣਾਉਣ ਵਾਸਤੇ ਛੰਦਾਬੰਦੀ ਜਾਂ ਕਵਿਤਾ ਦਾ ਮਾਧਿਅਮ ਵਰਤਿਆ ਗਿਆ। ਇਸ ਨੂੰ ਵਿਦਵਾਨ ਲੋਕ ਸੁਣ ਸੁਣ ਕੇ ਯਾਦ ਕਰਦੇ ਰਹੇ। ਜੁਗਾਂ ਤੱਕ ਜ਼ੁਬਾਨੀ ਹੀ ਯਾਦ ਕਰਦੇ ਰਹੇ। ਜਿਹੜੇ ਲੋਕ ਇਸ [illegible] ਬਾਣੀ ਦੇ ਪੰਡਿਤ ਹੋ ਗਏ, ਉਹ ਪੂਜੇ ਜਾਣ ਲੱਗੇ। ਫੇਰ ਜਦੋਂ ਅੱਖਰਾਂ ਨੂੰ ਲਿਪੀ ਬੱਧ ਕੀਤਾ ਜਾਣ ਲੱਗਾ, ਲਿਖਿਆ ਜਾਣ ਲੱਗਾ ਤਾਂ ਉਹ ਸਿਆਹੀ ਅਤੇ ਕਾਗਜ਼ ਧੰਨ ਹੋ ਗਏ। ਸਮੇਂ ਦੇ ਸਤਿਗੁਰੂ ਨੇ ਬਾਣੀ ਦੇ ਸੰਚਾਰ ਵਾਸਤੇ [illegible] ਆਪਣੇ ਵਕਤ ਦੇ ਸਾਧਨ ਵਰਤੇ। ਬਾਣੀ ਨੂੰ ਕਵਿਤਾ ਵਿਚ ਉਚਾਰਣ, ਲਿਖਤ ਵਿਚ ਲਿਆਉਣ ਤੋਂ ਬਾਦ ਇਸ ਨੂੰ ਗਾਇਨ ਅਤੇ ਸੰਗੀਤ ਦੁਆਰਾ ਸੰਚਾਰਿਤ ਕੀਤਾ। ਅਤੇ ਸਤਿਗੁਰੂ ਸਾਹਿਬਾਨ ਨੇ ਇਸ ਧੁਰ ਕੀ ਬਾਣੀ ਨੂੰ ਆਪਣੇ ਗਲੇ ਦੁਆਰਾ ਗਾਇਆ ਅਤੇ ਕਲਾਕਾਰ ਰਾਗੀਆਂ ਪਾਸੋਂ ਗਵਾਇਆ। ਉਹ ਰਾਗ, ਉਹ ਰਾਗੀ, ਉਹ ਸਾਜ਼ ਅਤੇ ਸਾਜ਼ੀ ਵੀ ਧੰਨ ਹੋ ਗਏ। ਅਜੇ ਤਕ ਭਾਈ ਮਰਦਾਨੇ ਦੀ ਰਬਾਬ ਲੋਕ ਮਨਾਂ ਵਿਚ ਪਾਵਨ ਸਥਾਨ ਰਖਦੀ ਹੈ।

ਸਤਿਗੁਰੂ ਸਾਹਿਬਾਨ ਨੇ ਬਾਣੀ ਉਚਾਰਣ ਕੀਤੀ, ਲਿਖੀ, ਲਿਖਵਾਈ ਅਤੇ ਇਕੱਤਰ ਕੀਤੀ। ਸਤਿਗੁਰੂ ਨਾਨਕ ਦੇਵ ਜੀ ਨੇ ਦੇਸ਼ ਦੇਸਾਂਤਰ ਦੇ ਰਟਨ ਸਮੇਂ ਬਾਣੀ ਦਾ ਸੰਗ੍ਰਹਿ ਨਾਲ ਰਖਿਆ। ਭਾਈ ਗੁਰਦਾਸ ਜੀ ਅਨੁਸਾਰ ਜਦੋਂ ਬਾਬਾ ਨਾਨਕ ਜੀ ਮੱਕੇ ਗਏ ਤਾਂ ਉਸ ਵੇਲੇ ਉਨ੍ਹਾਂ ਪਾਸ ਕਿਤਾਬ ਸੀ।

ਬਾਬਾ ਫਿਰਿ ਮਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ ॥
ਆਸਾ ਹਥਿ ਕਿਤਾਬ ਕਛਿ, ਕੂਜਾ ਬਾਂਗ ਮੁਸਲਾ ਧਾਰੀ ॥

ਵਿਆਖਿਆ

ਜਦ ਗੁਰੂ ਜੀ ਨੇ ਗੁਰਬਾਣੀ ਨੂੰ ਵਿਭਿੰਨਤਾਵਾਂ ਵਿਚ ਵਿਅਕਤ ਕੀਤੀ ਗੁਰਮੁਖਾਂ ਤੇ ਲਾਈ। ਇਹ ਸਾਧਾਰਣ ਲੋਗਾਂ, ਕਰਮ, ਦਸਤ, ਸਿਖ ਸਿਖਾਣੀ ਅਤੇ ਵਿਆਖਿਆ ਸਭ ਪ੍ਰਭਾਵਿਕ ਅਤੇ ਢੰਗ ਤੇ ਲਾਏ। ਗੁਰੂ ਨਾਨਕ ਦੇਵ ਜੀ ਨੇ ਆਪ ਹੀ ਕਿਹਾ ਹੈ

ਬੋਲੈ ਸੁ ਲਾਗਉ ਕਰਮ ਬੋਲੁ
ਬਹੁ ਤਾਂਤਾ ਬਹੁ ਮਨੁ ॥
ਬਹੁ ਵਿਆਗੀ ਨਾਨਕਾ
ਜਿਨਿ ਨਾਮੁ ਵਿਆਖਿਆ ਸਚੁ ॥ ਪੰ. ੨੨੬੨

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮਹਾਨ ਉਪਕਾਰ ਕੀਤਾ। ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਸੰਤਾਂ ਫਕੀਰਾਂ ਦੀ ਬਾਣੀ ਦਾ ਸੰਗ੍ਰਹਿ ਅਤੇ ਸੰਪਾਦਨ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਰਾਗਾਂ ਦੇ ਸਿਰਲੇਖ ਵਾਰਾਂ ਦੇ ਸਿਰਲੇਖ ਇੰਜ ਰਚਕੇ ਹੀ ~~ਸ~~ ਦਿੱਤੇ ਗਏ ਤਾ ਕਿ ਗੁਰੂ ਜੀ ਦੀ ਬਾਣੀ ਦਰ ਤੋਂ ਦਰ ਲੋਕਾਂ ਤਕ ਪਹੁੰਚੇ। ਇਹ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਮਹਾਨ ਕਾਰਜ ਸੀ ਜੋ ਉਨ੍ਹਾਂ ਨੇ ਗੁਰੂ ਦੀ ਮਹਤੀ, ਗੁਰੂ ਦੀ ਸ਼ਾਨਤਾ ਅਤੇ ਗੁਰੂ ਦੀ ਸਿਖਿਆ ਗੁਰੂ ਪ੍ਰਣਾਲੀ ਦੇ ਸਿਧਾਂਤ ਨੂੰ ਸਥਾਪਤ ਕਰਨ ਲਈ ਕੀਤੇ ਜੁਗਾਂ ਵਿਚੋਂ ਸਭ ਤੋਂ ਵਡਾ ਗਰੰਥ ਤਿਆਰ ਕੀਤਾ। ਗੁਰੂ ਸਾਹਿਬ ਨੇ ਜੋ ਅਧਿਆਤਮਕ ਸੰਗਠਨ ਕਾਇਮ ਕੀਤਾ ਉਸ ਦਾ ਸਭ ਮੂਲ ਗੁਰੂ ਹੀ ਸੀ। ਸਿਖ ਜਗਤ ਵਿਚ ਗੁਰੂ ਸ਼ਬਦ ਹਰ ਥਾਂ ਵਿਆਪਕ ਹੈ।

ਗੁਰਬਾਣੀ - ਗੁਰੂ ਕੀ ਬਾਣੀ; ਗੁਰੂ ਗਰੰਥ - ਗੁਰੂ ਦਾ ਗ੍ਰੰਥ, ਗੁਰਦੁਆਰਾ - ਗੁਰੂ ਦਾ ਦਰ, ਗੁਰੂ ਪੰਥ - ਗੁਰੂ ਦਾ ਮਾਰਗ; ਗੁਰ ਇਤਿਹਾਸ - ਗੁਰੂ ਜੀ ਦਾ ਇਤਿਹਾਸ, ਗੁਰੂ ਨਗਰੀ ਅੰਮ੍ਰਿਤ ਗੁਰੂ ਦੀ ਨਗਰ ਆਦਿ ਆਦਿ ਅਨੇਕਾਂ ਨਾਮ ਹਨ ਜੋ ਗੁਰੂ ਦੀ ਪ੍ਰਮੁਖਤਾ ਦਰਸਾਉਂਦੇ ਹਨ।

ਗੁਰੂ ਦੀ ਅਜ਼ਾਰ ਮਹਤੀ ਦਾ ਹੀ ਇਹ ਕ੍ਰਿਸ਼ਮਾ ਹੈ ਕਿ ਗੁਰੂ ਦਸ ਸਰੂਪ ਹੋਏ ਕਾਇਮ ਇਕ ਇਕ ਸ਼ਕਤੀ ਦਵਾਰਾ ਮਜ਼ਬੂਤ ਸੰਗਠਨ ਬਣ ਗਿਆ। ਇਤਿਹਾਸ ਨੇ ਕਈ ਵਾਰ ਸਾਬਤ ਕੀਤਾ ਕਿ ਗੁਰੂ ਸੁਤੰਤਰ ਅਤੇ ਅਜ਼ੇਰ ਹਸਤੀ ਹੈ। ਕਈ ਬੁਧ ਲੋਕਾਂ ਨੇ ਗੁਰੂ ਨੂੰ ਛੱਡ ਕੇ ਗੁਰਬਾਣੀ ਦੀ ਬੀੜ

->

ਨੂੰ ਹੀ ਗੁਰਿਆਈ ਦੀ ਸੇਵਾ ਸੌਂਪ ਦਿਆ ਤਾਂ ਉਸ ਵੇਲੇ ਗੁਰੂ ਦੀ ਗੱਦੀ
ਦੇ ਆਪਣਾ ਜਾਨਸ਼ੀਨ ਪਰਵਾਨ ਕੀਤਾ। ਇਤਿਹਾਸ ਦਸਦਾ ਹੈ ਆਦਿ ਬੀੜ ਨੂੰ
ਧੀਰਮੱਲ ਹੋਰਾਂ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਜਦੋਂ ਮੱਖਣ ਸ਼ਾਹ
ਲੁਬਾਣਾ ਦੀ ਕਿਆਦਤ ਵਿਚ ਸਿੱਖਾਂ ਨੇ ਗੁਰੂ ਜੀ ਦਾ ਸਾਰਾ ਸਾਮਾਨ ਧੀਰ
ਮੱਲ ਤੋਂ ਖੋਹ ਲਿਆ ਤਾਂ ਨਾਲ ਬੀੜ ਵੀ ਲੈ ਆਂਦੀ। ਗੁਰੂ ਤੇਗ ਬਹਾਦਰ
ਜੀ ਨੇ ਸਮੇਤ ਬੀੜ ਸਾਰਾ ਸਾਮਾਨ ਵਾਪਸ ਕਰਨ ਲਈ ਕਿਹਾ। ਜਦ
ਗੁਰੂ ਜੀ ਬਾਬਾ ਬਕਾਲਾ ਤੋਂ ਕੀਰਤਪੁਰ ਨੂੰ ਜਾ ਰਹੇ ਸਨ ਤਾਂ ਉਨ੍ਹਾਂ
ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਕਹਿਣ ਦੇ ਬਾਵਜੂਦ ਵੀ ਸਿੱਖਾਂ ਨੇ ਬੀੜ ਨਾਲ
ਲੈ ਆਂਦੀ ਹੈ ਤਾਂ ਉਨ੍ਹਾਂ ~~[illegible]~~ ਨਾਰਾਜ਼ਗੀ
ਪਰਗਟ ਕਰਦਿਆਂ ਬੀੜ ਵਾਪਸ ਕਰਨ ਲਈ ਕਿਹਾ। ਜਦ ਕੋਈ ਸਿੱਖ ਇਹ ਬੀੜ
ਕਰਨ ਨੂੰ ਤਿਆਰ ਨਾ ਹੋਇਆ ਤਾਂ ਆਪ ਜੀ ਨੇ ਦਰਿਆ ਬਿਆਸ ਦੇ
ਸਪੁਰਦ ਇਹ ਬੀੜ ਕੀਤੀ। ਬਾਦ ਵਿਚ ਗੁਰੂ ਤੇਗ ਬਹਾਦਰ ਜੀ ਦਾ ਸਾਥ
ਅਸ਼ੀਰਵਾਦ ਵਿਚ ਲੈ ਉਪਰੰਤ ਇਹ ਬੀੜ ਧੀਰਮੱਲ ਜੀ ਨੂੰ ਪ੍ਰਾਪਤ ਹੋਈ।
ਗੁਰੂ ਜੀ ਦੇ ਹੁਕਮ ਬਗੈਰ ਹੀ ਇਹ ਸਭ ਕੁਝ ਹੋਇਆ ਅਤੇ ਬੀੜ ਦਰਿਆ
ਦੇ ਪਾਣੀ ਵਿਚ ਵੀ ਸੁਰੱਖਿਅਤ ਰਹੀ। ਇਤਿਹਾਸ ਦਸਦਾ ਹੈ ਕਿ
ਇਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਵਿਚ ਬੀੜ ਅਗਨੀ ਤੋਂ ਵੀ
ਸੁਰੱਖਿਅਤ ਰਹੀ। ਗੁਰੂ ਤੇਗ ਬਹਾਦਰ ਵਾਲੀ ਬੀੜ ਦੇ ਹੀ ਕੀਰਤਪੁਰ
ਗਏ। ਗੁਰੂ ਤੇਗ ਬਹਾਦਰ ਜੀ ਦੀ ਕੀਰਤੀ ਅਜ ਵੀ ਜੱਗ ਵਿਚ
ਹੋਣ ਹੈ ਪਰ ਜਿਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਦੇ ਆਸਰੇ
ਗੁਰਿਆਈ ਹਥਿਆਉਣੀ ਚਾਹੀ ਉਨ੍ਹਾਂ ਧੀਰਮੱਲ ਅਤੇ ਅਜਿਹੇ ਹੋਰ ਇਤਿਹਾਸ
ਦੀ ਧੂੜ ਵਿਚ ਖੱਪ ਗਏ ਹਨ। ਇਸ ਪਰਸੰਗ ਵਿਚ ਤੋਂ ਕਬੀਰ ਜੀ
ਦੇ ਇਸ ਪ੍ਰਸ਼ਨ ਦਾ ਉੱਤਰ ਮਿਲ ਜਾਂਦਾ ਹੈ ਕਿ

ਖੂੰਹਦਾ ਘੜਾ ਕਿ ਜਾਸੁ ਉਘਾੜਿਆ ॥
ਫੇਰ ਘੜਾ ਕਿ ਜਾਂ ਤੇ ਆੜਿਆ ॥

ਗੁਰੂ ਤੇਗ ਬਹਾਦਰ ਜੀ ਨੂੰ ਤਾਂ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਵੀ ਨਾ ਕਰਨ ਦਿੱਤੇ ਗਏ। ਗੁਰੂ ਗੋਬਿੰਦ ਸਿੰਘ ਜੀ ਦਸਤ ਦੀ ਬੀੜ ਕਰਤਾਰਪੁਰ ਹੀ ਰਹੀ ਅਤੇ ਆਪ ਦੀ ਸਾਰੀ ਉਮਰ ਸ੍ਰੀ ਅੰਮ੍ਰਿਤਸਰ ਨਾ ਆਏ। ਪਰ ਜਿਥੇ ਜਿਥੇ ਸੰਗਤਾਂ [illegible] ਅਤੇ ਪਹਾੜਾਂ ਨੂੰ ਆਪ ਦੀ ਚਰਨ ਛੋਹ ਪ੍ਰਾਪਤ ਹੋ ਗਈ ਉਥੇ ਉਥੇ ਗੁਰਦੁਆਰੇ ਉਸਰ ਗਏ।

ਅਜ ਕਲਿਆਣਕਾਰੀ ਗੁਰਬਾਣੀ ਦੇ ਬੇਅੰਤ ਅਖੰਡ ਅਤੇ ਸਹਿਜ ਪਾਠ ਹੋ ਰਹੇ ਹਨ। ਗੁਰਬਾਣੀ ਦੀਆਂ ਬੀੜਾਂ ਦਾ ਸਤਿਕਾਰ ਮਹਾਨ ਤੋਂ ਮਹਾਨ ਹੈ। ਇਹ ਕਿਵ ਹੋ ਗਿਆ ਹੈ। ਇਹ ਗੁਰੂ ਦੀ ਹੀ ਕਿਰਪਾ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਜਿਨ੍ਹਾਂ ਬੀੜ ਤਿਆਰ ਕਰਵਾਈ ਅਤੇ ਬਾਕੀ ਸਾਰੇ ਸਤਿਗੁਰੂ ਸਾਹਿਬਾਨ ਹੀ ਜਿਨ ਨੇ ਇਸ ਗੁਰਬਾਣੀ ਦਾ ਅਤਿ ਸਤਿਕਾਰ ਕਾਇਮ ਰਖਣ ਦਾ ਸਬਕ ਦਿਤਾ।

ਗੁਰੂ ਦਸ ਗੁਰ ਤੇਗ ਕਾਰਨ ਸਿਖ ਸੰਗਠਨ ਇਕ ਦਿਨ ਸ਼ਕਤੀ ਵਾਲਾ, ਆਤਮ ਨਿਰਭਰ, ਗਿਆਨਵਾਨ ਅਤੇ ਸੁਚੇਤ ਸੰਗਠਨ ਬਣ ਗਿਆ। ਇਤਿਹਾਸ ਦੇ ਅਨੇਕਾਂ ਉਤਾਰਾਂ ਚੜ੍ਹਾਵਾਂ ਵਿਚ ਸਾਬਤ ਕਦਮ ਰਿਹਾ। ਗੁਰੂ ਦੇਵ ਜਿਹੇ ਮਹਾਨ ਆਤਮਕ ਬਲ ਸਦਕਾ ਹੀ ਇਹ ਬਹਾਦਰ ਕੌਮਾਂ ਸਿਖਾਂ ਹੋ ਗਿਆ। ~~ਚੜ੍ਹਾਵਾਂ ਸਮੇਂ ਦੇ~~ ਸੋਨੇ ਇਤਿਹਾਸ ਵਿਚ ਬਾਦ ਇਹ ਰਾਜ ਭਾਗ ਦਾ ਵਾਰਸ ਵੀ ਬਣ ਗਿਆ। ਇਸ ਸਮੇਂ ਦੁਨੀਆਵੀ ਪਦਾਰਥਾਂ ਦੀ ਬਹੁਤਾਤ ਨੇ ਗੁਰੂ ਦੇਵ ਦੀ ਸੁਧ ਭੁਲਾ ਦਿਤੀ। ਰਾਜ ਭਾਗ ਖੁਸ ਗਿਆ। ਗੁਰੂ ਅਤੇ ਗੁਰਬਾਣੀ ਦੇਵੋਂ ਹੋਰ ਦੂਰ ਹੋ ਗਿਆ। ਇਸ ਬੇਮੁਖਤਾ ਦੇ ਦੌਰ ਵਿਚ ਇਹ ਭਾਰਤ ~~ਦੇ ਅੰਦਰ ਕਿ~~ ਤਰਸ ਜੋਗ ਹੋ ਗਈ। ਜਿਨ੍ਹਾਂ ਦੇ ਦਸ ਦਸਤੇ ਪੁਰਖੇ ਸਦੋਂ ਸਾਹਮਣੇ ਕੇ ਬਾਣੀ ਪੜ੍ਹਦੇ ਸਨ ਅਤੇ ਸ੍ਰੀ ਗੁਰੂ ਸਾਹਿਬ ਨੂੰ ਬਿਨਾ ਦੇਖੇ ਰੋਟੀ ਪਾਣੀ ਨਹੀਂ ਸਨ ਛਕਦੇ। ਉਨ੍ਹਾਂ ਦੇ ਹੀ ਪੁੱਤਰ ਪੋਤਰਿਆਂ ਨੇ ਧੂਪ ਦੀਪ ਜਗਾਉਣ

ਹੀ ਸਤ੍ਰ ਛੱਤੇ ਉਪਰ ਸ੍ਰੀ ਗਰੰਥ ਸਾਹਿਬ ਦਰ ਬਾਣੀ ਪਾਉਣੀ ਹੀ ਛੱਡ ਦਿਤੀ। ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਅਨੁਸਾਰ ਤਾਂ ਬੀੜਾਂ ਦੇ ਪਾਵਨ ਪਤਰਿਆਂ ਨੂੰ ਕੂੜੇ ਦੱਬਦੇ ਰਹੇ। ਜਪੁਜੀ ਜਾਂ ਰਹਿਰਾਸ ਆਪ ਤਾਂ ਪੜ੍ਹਨਾ ਛੱਡ ਦਿਤਾ ਜੇ ਕੋਈ ਹੋਰ ਪੜ੍ਹਦਾ ਸੀ ਤਾਂ ਉਸਨੂੰ ਸਖਤ ਕੀਤਾ ਜਾਂਦਾ ਸੀ। ਖਾਣ ਪੀਣ ਅਤੇ ਆਜ਼ਾਦੀ ਦਾ ਦੌਰ ਚਲ ਰਿਹਾ ਸੀ।

ਸੰਗ ਸਿੰਘਨ ਕੇ ਕੋਰੇ ਬਾਣੀ ਪੜ੍ਹਤੇ ਜੇਤਰੇ
ਗੁਰੂ ਗ੍ਰੰਥ ਬਿਨ ਹੋਰੇ ਅਰ ਸੰਸਕਾਰ ਜਾ ਕਰੈਂ।
ਤਿਨ ਕੇ ਕੇ ਸਾਰੀ ਰੂਪ ਦੀਪ ਕੀ ਕਰਾਂ ਚਖਜਾਤੀ
ਚਾਹੇ ਹੈ ਜਾ ਸ੍ਰਾਪ ਮੂਲ ਖਾਤ ਗ੍ਰੰਥ ਕੇ ਪਤ੍ਰੈਂ।
ਜਪੁਜੀ ਜਾ ਰਹਿਰਾਸ ਸੁਣੈ ਪੜ੍ਹੈ ਕਹੀ ਖਾਸ
ਔਰ ਪੜ੍ਹਤ ਜੇ ਪਾਸ ਹਾਸ ਤਿਨ ਕੋਂ ਹਟੈ
ਕਰਾਂ ਲੱਖ ਚਾਹਿਆ ਹੈ ਰਹਿਤਾ ਪੁਕਾਰੈ ਸੌ ਤੂੰ
ਸਹਿਤਾਂ ਸੈ ਜਾਇ ਸ਼ਰਮੋ ਰਸ਼ਾਇ ਹੈ ਤਰੇ।

ਇਸ ਹਾਲਤ ਨੂੰ ਕਿਸ ਤੋੜਿਆ? ਸਤਿਗੁਰੂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਉਦੈ ਇਵੇਂ ਸੀ ਜਿਵੇਂ ਕਾਲੀ ਬੋਲੀ ਰਾਤ ਪਿਛੋਂ ਸੂਰਜ ਉਦੈ ਹੁੰਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਅਤੇ ਬਾਣੀ ਦਾ ਡੰਕਾ ਗੇ ਕੇ ਦਿਤਾ। ਥਾਂ ਥਾਂ ਜਾ ਕੇ ਸ੍ਰੀ ਗੁਰੂ ਬਾਣੀ ਦੀਆਂ ਬੀੜਾਂ ਲਭ ਲਭ ਕੇ ਆਪਣੀ ਦਸਤਾਰ ਨਾਲ ਝਾੜ ਪੂੰਝ ਕੇ ਉਹਨਾਂ ਦਾ ਪ੍ਰਕਾਸ਼ ਕਰਵਾਇਆ। ਅਸਲ ਵਿਚ ਆਦਰਸ਼ਮਾਨ ਸਮੇਂ ਵਿਚ ਗੁਰਬਾਣੀ ਅਤੇ ਸ੍ਰੀ ਗਰੰਥ ਸਾਹਿਬ ਦਾ ਜੋ ਮਾਣ ਸਤਿਕਾਰ ਅਜ ਦਿਸ ਰਿਹਾ ਹੈ ਇਸ ਦੀ ਸਾਰ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਦਸੀ ਹੈ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਉਸ ਸਮੇਂ ਦਾ ਵਰਣਨ ਕਰਦੇ ਹਨ

ਜਨਮ ਲੈਣ ਤੋਂ ਭੋਰਾ ਰੂਪ ਜੀ ਦੇ ਪੇਟੋਂ ਧੁਰ
ਸੰਗਤਾਂ ਦੇ ਕੋਲ ਬੈਠ੍ਹ ਹੋਏ ਰਹਣਾ ਲਗੀ।
ਇਕਦਮ ਕਹਿ ਉਂ ਸੁਚੇਤ ਦੇਸ ਰਾਤ ਗੀਤੋਂ
ਸਤਿਗੁਰੂ ਨਾਮ ਅੰਤਿ ਰਾਖੋਂ ਰਹਣ ਪਗੀ।

ਜੇ ਸੁਰਗ ਰਾਹ ਨਾਲ ਵੇਖਿਆ ਜਾਵੇ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਾਣਿਆਂ ਆਮਣ, ~~[illegible]~~ ਸੁਰੇਸ਼ ਇਕਦਮ ਅਤੇ ਹਵਨ ਜੱਗ ਦੀ ~~[illegible]~~ ਸਿਹਤ ਤਾਂ ਗੁਰੂ ਨਾਨਕ ਦੇਵ ਜੀ ਦੇ ਆਪ ਦੀ ਵਾਕ ਵਿਚ ਹੀ ਕਰ ਦਿੱਤੀ ਸੀ।

ਨਾਇ ਨਿਵਾਜਾ ਨਾਤੈ ਪੂਜਾ ਨਾਵਹਿ ਸਦਾ ਸੁਜਾਣੀ ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥
ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨ ਭਾਣੀ ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥
ਨਾਨਕ ਜੇ ਸਿਰ ਖੁਥੇ ਨਾਵਹਿ ਨਾਹੀ ਤ ਸਤ ਚਟੇ ਸਿਰਿ ਛਾਈ ॥

— ਪੰਨਾ ੧੫੦

ਥੋੜੇ ਸ਼ਬਦਾਂ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਰਾਮਦਾਸੀ ਦੇ ਪਰਿਵਾਰ ਅਤੇ ਸਤਿਕਾਰ ਭਰੀ ਜੋ ਵਾਕਿਆ ਸਤਿਗੁਰੂ ਰਾਮ ਸਿੰਘ ਜੀ ਦੇ ਬੀਤੇ ਉਹ ਸ਼ਬਦਾਂ ਵਿਚ ਬਿਆਨ ਨਹੀਂ ਕੀਤੇ ਜਾ ਸਕਦੇ। ਸਤਿਗੁਰੂ ਰਾਮ ਸਿੰਘ ਜੀ ਦੇ ਗੁਰੂ ਅਮਰਦਾਸ ਜੀ ਦੀਆਂ ਉਹ ਤੁਕਾਂ ਸੁਣੋ

>

ਸਾਕਾਰ ਕਰ ਦਿਤੀਆਂ ਜੋ ਸ੍ਰੀ ਆਦਿ ਸਾਹਿਬ ਵਿਚ ਦਰਜ ਹਨ

ਦੂਖ ਰੋਗ ਸੰਤਾਪ ਉਤਰੇ
ਸੁਣੀ ਸਚੀ ਬਾਣੀ
ਸੰਤ ਸਾਜਨ ਭਏ ਸਰਸੇ
ਪੂਰੇ ਗੁਰ ਤੇ ਜਾਣੀ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਜਾਣ ਬਾਦ ਬਦੇਸ਼ੀ ਸਰਕਾਰ ਵਲੋਂ ਜੋ ਸਖਤੀਆਂ ਗੁਰੂ ਹਰੀ ਸਿੰਘ ਜੀ ਅਤੇ ਸਿੰਘਾਂ ਉਪਰ ਕੀਤੀਆਂ ਗਈਆਂ ਉਹ ਬਹੁਤ ਹੀ ਦਰਦਨਾਕ ਇਤਿਹਾਸ ਹੈ। ਇਸ ਸਮੇਂ ਤਾਂ ਸਾਧ ਸੰਗਤ ਦੇ ਇਕੱਠੇ ਹੋ ਕੇ ਪਾਠ ਕਰਨ ਤੇ ਵੀ ਪਾਬੰਦੀਆਂ ਸਨ। ਇਸ ਔਖੇ ਸੰਕਟ ਦੇ ਸਮੇਂ ਵੀ ਸਤਿਗੁਰੂ ਹਰੀ ਸਿੰਘ ਜੀ ਅਤੇ ਨਾਮਧਾਰੀ ਸਿੰਘਾਂ ਨੇ ਹਰ ਤਰ੍ਹਾਂ ਦੇ ਅਖੰਡ ਪਾਠ, ਸਾਧਾਰਣ ਪਾਠ, ਦਸਮ ਗ੍ਰੰਥ ਸਾਹਿਬ ਦੇ ਪਾਠ ਅਤੇ ਨਾਮ ਸਿਮਰਨ ਕਿਸੇ ਨਾ ਕਿਸੇ ਤਰ੍ਹਾਂ ਜਾਰੀ ਰੱਖੇ। ਸ੍ਰੀ ਭੈਣੀ ਸਾਹਿਬ ਇਕ ਭੋਰੇ ਵਿਚ ਪਾਠ ਕਰਦੇ ਰਹਿੰਦੇ ਸਨ। ਅਤੇ ਜਦ ਇਕ ਵਾਰ ਪੁਲਿਸ ਦਾ ਛਾਪਾ ਪਿਆ ਤਾਂ ਇਹ ਪਾਠ ਦੂਸਰੇ ਥਾਂ ਤੋਰ ਕੇ ਉਸੇ ਤੁੱਕ ਤੋਂ ਅਗੇ ਪਾਠ ਆਰੰਭ ਕੀਤਾ ਗਿਆ।

ਇਤਿਹਾਸ ਦੇ ਏਸੇ ਦੌਰ ਵਿਚ ਪਵਿੱਤਰ ਦਸਮ ਗ੍ਰੰਥ ਦੇ ਸਭਾਂ ਦੀ ਤਾਦਾਦ ਵਿਚ ਜੋ ਪਾਠ ਹੋਏ ਤਾਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਿਆਈ ਕਾਲ ਵਿਚ ਹੋਏ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਸਮੇਤ ਦੇ ਦਸ ਸਵਾ ਸਵਾ ਲਖ ਪਾਠ ਆਦਿ ਗ੍ਰੰਥ ਦੇ ਹੋਏ। ਇਸ ਤੋਂ ਇਲਾਵਾ ਅਖੰਡ ਪਾਠ ਅਤੇ ਦਸਮ ਗ੍ਰੰਥ ਦੇ ਪਾਠ ਅਣਗਿਣਤ ਹੋਏ। ਪਰਬਾਂ ਦੇ ਸਮਾਗਮਾਂ ਅਤੇ ਆਦਿ ਗ੍ਰੰਥਾਂ ਸੈਂਚੀ ਪਾਠ ਕਰਨਾ ਸ਼ੁਰੂ ਹੋ ਗਿਆ। ਚੌਕੀ ਦੀ ਦਸ, ਭਜਨ ਸਿਮਰਨ ਦੀਆਂ ਵਰਣੀਆਂ ਅਨੇਕ ਜਗ੍ਹਾ ਸਮਾਗਮਾਂ ਦੀ ਇਕ ਲੰਮੀ ਸੂਚੀ ਬਣ ਸਕਦੀ ਹੈ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਕੀਤੇ ਅਤੇ ਆਪਣੇ ਸਿੰਘਾਂ ਤੋਂ ਕਰਵਾਏ >

ਵਰਤਮਾਨ ਦੌਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੈ। ਇਹ ਚੌਮੁਖੀ ਵਿਕਾਸ ਦਾ ਦੌਰ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਸ੍ਰੀ ਭੈਣੀ ਸਾਹਿਬ ਵਿਚ ਹੋਇਆ ਅਤੇ ਪਹਿਲਾ ਪਾਠ ਆਪ ਦਾ ਨਿਵਾਸ ਅਸਥਾਨ ਦਰਬਾਰ ਭੈਣੀ ਸਾਹਿਬ ਹੀ ਸੀ। ਆਪਣੇ ਭੈਣੀ ਜੀਵਨ ਵਿਚ ਉਮਰ ਦੇ ਮੁਢਲੇ ਸਾਲ ਗੁਜ਼ਾਰੇ, ਸਮੁੱਚੇ ਦੇਸ਼ ਦੇ ਪੇਂਡੂ ਜੀਵਨ ਨੂੰ ਵੀ ਵੇਖਿਆ, ਆਜ਼ਾਦੀ ਵਾਸਤੇ ਸੰਘਰਸ਼ ਵੀ ਵੇਖਿਆ, ਆਜ਼ਾਦੀ ਦੀ ਪ੍ਰਾਪਤੀ ਵੀ ਵੇਖੀ, ਤਿੱਖੇ ਵਿਗਾੜ ਦੇ ਸਮੇਂ ਨੂੰ ਵੀ ਵੇਖਿਆ ਅਤੇ ਮੌਜੂਦਾ ਵਿਕਾਸ ਦੇ ਦੌਰ ਨੂੰ ਵੀ ਵੇਖਿਆ ਹੈ। ਹਰ ਪ੍ਰਕਾਰ ਦੀ ਦੁਖ ਸੁਖ ਦੀ ਸਥਿਤੀ ਵਿਚ ਆਪ ਸਪੂਰਨ ਸੰਤੁਲਨ ਵਿਖਾਉਂਦੇ ਵਿਚਰਦੇ ਰਹੇ ਹਨ। ਅਧਿਆਤਮਕ ਅਤੇ ਸੰਸਾਰਕ ਵਿਗਿਆਨ ਦੋਵੇਂ ਆਪ ਪੂਰਨ ਸਮਾਨ ਸਤਿਗੁਰੂ ਸਾਹਿਬਾਨ ਦੀ ਸੋਭਾ ਨਾਲ ਜੁੜੇ ਹੋਏ ਹਨ। ਜੀਵਨ ਦਾ ਅਧਿਆਤਮਕ ਪਹਿਲੂ ਆਪ ਦਾ ਖਜ਼ਾਨਾ ਹੈ। ਆਪ ਸਭ ਤੋਂ ਅਤੇ ਦੋਖ ਰਹਿਤ ਹੋ ਕੇ ਇਸ ਦੌਰ ਵਿਚ ਗੁਰਮਤਾਈ ਦੇ ਰਹੇ ਹਨ। ਸੰਸਾਰ ਭਰ ਸਮੇਂ ਤਾਂ ਵੱਖ ਧਰਤੀਆਂ ਨੂੰ ਪਾਰ ਕਰਦੇ ਹਨ। ਸੌਂਦਰਯ ਦੇਖੋ ਸੁਰ ਸੰਗਤ ਹੈ। ਦੁਨਿਆਵੀ ਸੁਖ ਸਹੂਲਤਾਂ ਦੀ ਸਮਝ ਦੇ ਰਸਤੇ ਵਲ ਜਾਣ ਦਾ ਕਾਰਨ ਬਣਿਆ। ਅਜਿਹੇ ਵੇਲੇ ਸੰਸਾਰ ਦਰਸ਼ਨ ਇਥੇ ਪ੍ਰਤੱਖ ਸਤਿਗੁਰੂ ਸੁਣਨ ਦਾ ਹੀ ਰੰਗ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਮੁਖ ਨਿਸ਼ਾਨਾ ਹਰ ਪਾਸੇ ਸ਼ਾਂਤੀ ~~ਲੱਭ~~ ਵਿਸ਼ਵ ਨੂੰ ਆਪਣੇ ਅਧਿਆਤਮਕ ਅਤੇ ਸਦਾਚਾਰਕ ਵਿਰਸੇ ਨਾਲ ਜੋੜਨਾ ਹੈ। ਵਿਸ਼ੇਸ਼ ਧਿਆਨ ਦਾ ਕੇਂਦਰ ਨੌਜਵਾਨ ਵਰਗ ਹੈ। ਜਿਥੇ ਆਪ ਜੀ ਨੇ ਗਾਈਆਂ, ਸ੍ਰੀ ਭੈਣੀ ਸਾਹਿਬ, ਅਰੋੜਵਾਲਾ, ਅੰਮ੍ਰਿਤਸਰ, ਲੁਧਿਆਣਾ ਆਦਿਕ ਇਤਿਹਾਸਕ ਥਾਵਾਂ ਤੇ ਵਿਸ਼ਾਲ ਨਿਰਮਾਣ ਕਰਵਾਏ ਹਨ ਉਥੇ ਪਿੰਡਾਂ ਸ਼ਹਿਰਾਂ ਥਾਵਾਂ ਤੇ ਸਾਧ ਸੰਗਤ ਦੀਆਂ ਅਤੇ ਦਰਸ਼ਨੀਆਂ ਆਪ ਨੇ ਸਥਾਪਤ ਕਰਵਾਈਆਂ ਹਨ। ਨੌਜਵਾਨਾਂ ਦੀਆਂ ਖੇਡਾਂ ਦੀਆਂ ਟੀਮਾਂ ਦੀ ਤਿਆਰੀ,

ਸ਼੍ਰੀਮਾਨ ਸਿੰਘ ਜੀ ਦੇ ਰੋਮਾਂਚ ਆਇਆਂ ਦਾ ਪਰਚਾ, ਨਾਮਧਾਰੀ ਵਿਦਿਆਰ ਸੰਗਤਾਂ ਦੇ ਸਾਂਝੇ ਆਯੋਜਨ ਅਤੇ ਹੋਰ ਬਹੁਤ ਸਾਰੀਆਂ ਸਰਗਰਮੀਆਂ ਵਿਚੋਂ ਪਤਾ ਲਗਦਾ ਹੈ ਕਿ ਇਹ ਵਰਗ ਅਧਿਆਤਮ ਦਾ ਪਾਲਣ ਕਰਦਾ ਅਤੇ ਸੰਗਤ ਵਿਚ ਰਹਿਣਾ ਸਿਖ ਜਾਵੇ। ਸਾਰੀ ਤਾਰਤੀ ਰਾਗਾਂ ਅਤੇ ਗੁਰਮਤਿ ਨਿਯਮਾਵਲੀ ਅਨੁਸਾਰ ਗੁਰਬਾਣੀ ਦੇ ਕੀਰਤਨ ਵਾਸਤੇ ਆਪ ਜੀ ਨੇ ਅਣਥੱਕ ਯਤਨ ਸੇਵਾ ਕਰਕੇ ਨੌਜਵਾਨਾਂ ਨੂੰ ਇਸ ਵਿਚ ਪਰਬੀਨ ਕੀਤਾ ਹੈ। ਇਹ ਸਾਰਾ ਕੁਝ ਸ੍ਰੀ ਸਤਿਗੁਰੂ ਸਾਹਿਬਾਨ ਦਾ ਹੁਕਮ ਜੋ ਆਪ ਜੀ ਨੇ ਪਾਲਣ ਗੁਰਬਾਣੀ ਰਾਹੀਂ ਕਾਇਮ ਰੂਪ ਵਿਚ ਦਿਤਾ ਉਨ੍ਹਾਂ ਦੋਨਾਂ ਤਕ ਰੰਗ ਤਰੀਕੇ ਨਾਲ ਪਹੁੰਚਾਣ ਦਾ ਜਤਨ ਹੈ।

ਗੁਰਬਾਣੀ ਦੀ ਸਾਰੀ ਮਹੱਤਤਾ ਹੀ ਖਤਮ ਹੋ ਜਾਂਦੀ ਹੈ ਜੇ ਉਹ ਸਮਝ ਵਿਚ ਨਹੀਂ ਆਵੇ। ਇਸ ਵਿਚ ਵਰਤੀਆਂ ਗਈਆਂ ਦੋਨਾਂ ਸਾਹਤਾਂ ਦੀ ਆਪਣੀ ਮਹੱਤਤਾ ਹੈ। ਸਿਖ ਇਤਿਹਾਸ ਵਿਚ ਵਰਨਣ ਹੈ ਕਿ ਸਿਖ ਕੌਮ ਗੁਰਬਾਣੀ ਸੁਣ ਕੇ ਇਕ ਗੁਰੂ ਸਾਹਿਬ ਨੇ ਆਪਣੀ ਗਾਗਰ ਦੀ ਉਸ ਨੂੰ ਸੌਂਪ ਦੇਣ ਦਾ ਮਨ ਬਣਾ ਲਿਆ ਸੀ ਅਤੇ ਇਕ ਗੁਰੂ ਸਾਹਿਬ ਨੇ ਗੁਰਬਾਣੀ ਦਾ ਪਾਠ ਸੁਣ ਕੇ ਇਕ ਸਿਖ ਨੂੰ ਚਪੇੜਾਂ ਮਰਵਾਈਆਂ ਸਨ। ਗੁਰਬਾਣੀ ਸੁਣਦੇ ਹੋਏ ਉਸਦੇ ਪ੍ਰਤੀਕਰਮ ਕਿਉਂ? ਕਾਰਨ ਸ਼ੁਧਤਾ ਅਤੇ ਅਸ਼ੁਧਤਾ ਸੀ। ਗੁਰੂ ~~ਅਰਜਨ~~ ਹਰਿਗੋਬਿੰਦ ਸਾਹਿਬ ਨੇ ਜਪੁਜੀ ਸਾਹਿਬ ਦਾ ਦੋਨਾਂ ਸਤਰਾਂ ਤਕ ਸ਼ੁੱਧ ਪਾਠ ਸਰਵਣ ਕੀਤਾ ਤਾਂ ਉਹ ਗਦੀ ਦੇਣ ਨੂੰ ਤਿਆਰ ਹੋ ਗਏ। ਸਿਖ ਦਾ ਸੰਕਲਪ ਥੋੜ੍ਹਾ ਜੇਹਾ ਦਾ ਸੀ ਉਹ ਉਸ ਨੂੰ ਦੇ ਦਿਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਇਕ ਸ਼ਬਦ ਦੇ ਗਲਤ ਕਾਰਨ ਚਪੇੜਾਂ ਮਰਵਾਈਆਂ। ਸਿਖ ਨੇ ਤੁਕ ਪੜ੍ਹੀ

"ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੇ ਗੁਰੁ ਸੂਰਾ"

ਜਿਸ ਦਾ ਅਰਥ ਇਹ ਬਣਦਾ ਹੈ ਕਿ 'ਕਰਤਾ ਪੁਰਖ ਈਸ਼ਵਰ ਦੀ ਗਤ ਕਰਤਾ ਪੁਰਖ ਹੀ ਜਾਣਦਾ ਹੈ ਗੁਰੂ ਸੂਰਮੇ ਨੂੰ ਕੀ ਪਤਾ ਹੈ?'

ਕਹੋ ਕਿ ਆਸਣ ਵਿਚ ਤੁਰ ਹੈ

"ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ"

ਇਸ ਦਾ ਅਰਥ ਹੈ ਕਿ ਕਰਤਾਪੁਰਖ ਈਸ਼ਵਰ ਦੀ ਗਤ ਜਾਂ ਕਰਤਾ ਪੁਰਖ ਜਾਣਦਾ ਹੈ ਜਾਂ ਗੁਰੂ ਸੂਰਮਾ ਜਾਣਦਾ ਹੈ।

ਅਜ ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਛੋਟੇ ਛੋਟੇ ਧਾਰਮਕ ਅਸਥਾਨਾਂ ਤੇ ਵੀ ਗੱਦੀ ਇਕ [illegible] ਦੇ ਆਧਾਰ ਉਤੇ ਸਾਰੀ ਉਮਰ ਚਲਦੀ ਰਹਿੰਦੀ ਪਰ ਜਾਂਦੇ ਹਨ। ਗੁਰੂ ਸਾਹਿਬ ਦੀ ਗੱਦੀ ਦਾ ਸਤਿ ਤੇ ਅਦਾ ਕੀਤਾ ਜਾਂਦਾ ਹੈ।

ਇਸੇ ਕਰਕੇ ਹੀ ਸਤਿਗੁਰੂ ਜਗਜੀਤ ਸਿੰਘ ਜੀ ਪਿਛਲੀਆਂ ਗੱਦੀਆਂ ਦਾ ਸਰਬ ਉਤਮ ਪ੍ਰਮਾਣ ਤੋਂ ਹੀ ਸ਼ੁਧ ਕਰਾਉਣ ਦਾ ~~[illegible]~~ ਵਿਚੋਂ ਪ੍ਰਕਾਸ਼ ਕਰਦੇ ਹਨ। ਆਪ ਕਥਾਵਾਂ ਕਰਦੀਆਂ ਹਨ। ਵਿਦਿਆਰਥੀ ਸੰਗਤਾਂ ਅਤੇ ਹੋਰ ਵਡੇ ਮੌਕਿਆਂ ਤੇ ਸ਼ੁਧ ਪਾਠ ਸੁਣਾ ਕਰਕੇ ਸ਼ਰਧਾਲੂਆਂ ਨੂੰ ਆਨੰਦ ਮਗਨ ਕਰਦੇ ਜਾਂਦੇ ਹਨ। ਨਾਮਧਾਰੀ ਗੱਦੀਆਂ ਦੇ ਉਤਰਾਧਿਕਾਰ ਵਿਚ ਵੀ ਨਿਰੀ ਸ਼ਿਰੀ ਆਤਮਾ ਦਾ ਧਿਆਨ ਕੀਤਾ ਜਾਂਦਾ ਹੈ।

ਸਤਿ ਗੁਰੂ ਮਰਿਆਦਾ ਪਰੱਤਖ ਹੁੰਦਾ ਹੈ। ਤਾਂ ਹੀ ਉਹ ਮਰਿਆਦਾ ਵਿਚ
ਉੱਤਮ ਪੁਰਖ ਹੁੰਦਾ ਹੈ। ਸਤਿਗੁਰੂ ਆਦਰਸ਼ ਪੁਰਖ ਵੀ ਹੁੰਦਾ ਹੈ।
ਮਨੁੱਖ ਜਿਹੋ ਜਿਹਾ ਚਾਹੇ, ਉਸ ਜੀਵਨ ਦਾ ਨਮੂਨਾ ਸਤਿਗੁਰੂ ਹੁੰਦਾ ਹੈ।
ਸਤਿਗੁਰੂ ਵਿਧੀ ਵਿਧਾਨ ਦਾ ਸੁਤੰਤਰ ਸਾਜਕ ਅਤੇ ਅਧਿਕਾਰੀ ਹੁੰਦਾ
ਹੈ। ਉਹ ਕਿਸੇ ਦੇ ਅਧੀਨ ਨਹੀਂ ਹੁੰਦਾ। ਸਤਿਗੁਰੂ ਦਾ ਹੁਕਮ,
ਧਰਮ ਹੀ ਇਹ ਵਿਧੀ ਵਿਧਾਨ ਹੁੰਦਾ ਹੈ। ਸਤਿਗੁਰੂ ਦਾ ਚਰਣ
ਉਸ ਦਾ ਅਮਲ ਤੇ ਬੋਲਾਂ ਦਾ ਪੱਕਾ ਸਿਆਣੀ ਹੁੰਦਾ ਹੈ। ਸਤਿਗੁਰੂ
ਦੀ ਬੋਲ ਬਾਣੀ, ~~[illegible]~~, ਬਾਣਾ, ਨਿਤਨੇਮ,
ਅਧਿਆਤਮਕ ਅਤੇ ਦੁਨਿਆਵੀ ਸਰਗਰਮੀਆਂ ਬਾਰੇ ਨਿਰਦੇਸ਼
ਸਭ ਕੁਝ ਹੀ ਸਿਖ ਵਾਸਤੇ ਇਕ ਸੇਧ ਹੁੰਦਾ ਹੈ। ਇਤਿਹਾਸ ਦੀ
ਇਸ ਗੱਲ ਦਾ ਗਵਾਹ ਹੈ ਕਿ ਸਤਿਗੁਰੂ ਦੇ ਹੁਕਮ ਨਾਲ ਹੀ ਨਵੀਆਂ
ਸ਼ਾਨਦਾਰ ਸਫਲਤਾਵਾਂ ਉਚੀਆਂ ਗਈਆਂ ਅਤੇ ਪ੍ਰਾਪਤੀਆਂ ਹੋਈਆਂ ਗਈਆਂ।
ਕਿਸੇ ਸਮੇਂ ਗੁਰੂ ਸਾਹਿਬਾਨ ਨੂੰ ਸੇਲੀ ਟੋਪੀ ਦਿਤੀ ਜਾਂਦੀ ਸੀ। ਅਜ
ਦਸਤਾਰ ਸਜਦੀ ਹੈ। ਕਿਸੇ ਸਮੇਂ ਗੁਰੂ ਦੇ ਚਰਨਾਂ ਨੂੰ ਧੋ ਕੇ ਚਰਨ ਪਾਹੁਲ,
ਅਮ੍ਰਿਤ ਛਕਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀਆਂ ਪੜ੍ਹ ਕੇ
ਅਮ੍ਰਿਤ ਤਿਆਰ ਕਰਨ ਦੀ ਵਿਧੀ ਤੋਰੀ। ਇਹ ਸੱਚ, ਤਾਂ ਗੁਰੂ ਦੇ ਵੱਸ
ਵਿਚ ਹੀ ਹੈ। ਅੱਜ ਦੇ ਅਮ੍ਰਿਤ ਦੀ ਸਾਰੀ ਸੁਰਤੀ ਤਾਂ ਗੁਰੂ ਦੇ ਵੱਸ
ਵਿਚ ਹੈ। ਪਾਠ, ਨੇਮ ਜੋਗ, ਸਿਮਰਨ ਕੀਰਤਨ, ਪਹਿਰਾਵਾ, ਖਾਣ ਪੀਣ,
ਅਤੇ ਹੋਰ ਕਈ ਚੀਜ਼ਾਂ ਸਿਖ ਵਾਸਤੇ ਇਸ ਕਰਕੇ ਜ਼ਰੂਰੀ ਹਨ
ਕਿਉਂਕਿ ਇਹ ਗੁਰੂ ਦਾ ਹੁਕਮ ਹੈ। ਇਹਨਾਂ ਪਿਛੇ ਜੋ ਤਰਕ ਹੈ
ਉਹ ਸਤਿਗੁਰੂ ਜਾਣਦਾ ਹੈ। ਉਹ ਕਿਸੇ ਨੂੰ ਦੱਸੇ ਭਾਵੇਂ ਨਾ ਦੱਸੇ।
ਸਿੱਖ ਦਾ ਫਰਜ਼ ਹੈ ਕਿ ਉਹ ਗੁਰੂ ਦੇ ਹੁਕਮ ਨੂੰ ਈਮਾਨਦਾਰੀ ਨਾਲ ਤਰਜੀਹਾਂ
ਦੇ ਕੇ ਅਮਲ ਵਿਚ ਲਿਆਵੇ। ~~[illegible]~~ ਇਸ ਗੱਲ ਦੀ ਵਿਆਖਿਆ ਵਿਚ
ਗ੍ਰੰਥਾਂ ਦੇ ਗ੍ਰੰਥ ਲਿਖੇ ਜਾ ਸਕਦੇ ਹਨ। ਬੜਾ ਵੱਡਾ ਇਤਿਹਾਸ ਹੈ →

ਇਸ ਦਾ ਸੰਬੰਧ ਪਰਮਾਣਾਂ ਦੇ ਢੰਗ ਨਾਲ ਸਮਝਦੇ ਹਨ। ਇਹ ਸਭ ਤੋਂ ਉੱਤਮ
ਨਿਸ਼ਾਨੀਆਂ ਹਨ। ~~ਆਖਰ~~ ਅੰਤ ਤੇ ਗੁਰੂ ਦੀ ਸਿੱਖਿਆ ਉੱਤੇ ਅਮਲ ਕਰਨਾ।
ਇਸ ਵਾਸਤੇ ਹੀ ਗੁਰੂ ਤੋਂ ਕਿਰਪਾ ਦੀ ਯਾਚਨਾ ਕਰਨੀ। ਗੁਰੂ ਦਾ
ਸਿੱਖਿਆ ਇਕ ਸੁੰਦਰ ਪ੍ਰਾਣੀ ਦੇ ਕਿਰਦਾਰ ਘੋੜਨ ਕਰਦਾ ਹੈ। ਗੁਰੂ ਨਾਨਕ ਦੇਵ
ਜੀ ਮਹਾਰਾਜ 'ਜਪੁਜੀ' ਵਿਚ ~~ਸ~~ ਉਚਾਰਦੇ ਹਨ, 'ਮਤਿ ਵਿਚਿ ਰਤਨ
ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ'।

ਇਹ ਗੱਲ ਤਾਂ ਸਾਧਾਰਨ ਆਦਮੀ ਵੀ ਜਾਣਦਾ ਹੈ ਕਿ ਦਵਾਈਆਂ
ਤੋਂ ਦਵਾਈਆਂ ਵੈਦ ਪਾਸੋਂ ਵਾਸਤੇ ਤਾਂਹੀ ਮਾਂਗ ਕੇ ਸੁੱਖ ਲੀਤਾ ਹੋਇਆ,
ਦਵਾਈਆਂ ਸਹੀ ਤਾਂ ਹੀ ਫੁੱਲ ਲੱਗਦੇ ਜਾ ਸਕੇ ਤਾਂ ਉਹ ਨੁਕਸਾਨ ਕਰਦਾ,
ਇਸੇ ਹੀ ਇਨਸਾਨ ਨੂੰ ਆਪਣਾ ਸਭ ਕੁਝ ਕਰਕੇ ਅਮਲ ਹੋਇਆ ਤਦ ਹੀ ਗੁਰੂ
ਦਾ ਸੁੰਦਰ ਅਸਰ ਕਰਦਾ। ਇਸ ਲਈ ਹੀ ਗੁਰੂ ਵਾਸਤੇ ਦੀ ਗੁਰੂ ਦੀ ਲੋੜ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਪਾਰ ਕਿਰਪਾ ਕੀਤੀ ਹੈ। ਆਪ
ਸਭ ਜੀਵੇ ਵਰਤਦੇ ਸਿੱਖਾਂ ਨੂੰ, ਨਾਮ ਸਿਮਰਨ, ਗੁਰਬਾਣੀ ਅਤੇ ਸਦਾਚਾਰ
ਨਾਲ ਜੋੜਦੇ ਰਹਿੰਦੇ ਹਨ। ਗੁਰਬਾਣੀ ਦੇ ਪਾਠਾਂ ਦਾ ਆਪ ਜੀ ਦਾ
ਖਾਸ ਹੁਕਮ ਹੈ। ਇਸੇ ਵਾਸਤੇ ਆਪ ਜੀ ਖ਼ੁਦ ਸੇਵਾ ਅਤੇ ਉੱਤਮ
ਤਪਾਂ ਸਹਿਤ ਸਤਿਗੁਰ ਨਾਮਧਾਰੀ ਸਿਧਾਂਤ ਦੇ ਗੁਟਕੇ ਤਿਆਰ
ਕਰਵਾਉਣ ਦਾ ਉੱਦਮ ਸੰਗਤਾਂ ਨੂੰ ਦਿੰਦੇ ਹਨ। ਨਾਮਧਾਰੀ ਸਿਧਾਂਤ ਦਾ
ਸੰਗਤਾਂ ਸਿਮਰਨ ਪ੍ਰਚਾਰ ਕਰਦਿਆਂ ਅਰਦਾਸ ਹੈ ਕਿ ਸਤਿਗੁਰੂ ਜੀ
ਆਪ ਹੀ ਕਿਰਪਾ ਕਰਕੇ ਆਪਣਾ ਹੁਕਮ ਮੰਨਣ ਅਤੇ ਸਾਨੂੰ ਤੇ ਦਯਾ ਕਰਨ।
ਸਾਰੀਆਂ ਸੰਗਤਾਂ ਨੂੰ ਦੀ ਕਿਰਪਾ ਕਰਨ

ਜਗਦੀਪ ਸਿੰਘ ਦਰਿਆਪੁਰ